**ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ**

**ਨਰਮੇਂ - ਕਪਾਹ ਦੀ ਕਾਸ਼ਤ ਲਈ ਨੌਂਵੀਂ ਹਫ਼ਤਾਵਾਰੀ ਸਲਾਹ (06 ਅਗਸਤ ਤੋਂ 12 ਅਗਸਤ, 2024 ਤੱਕ)**

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐਮ. ਡੀ.) | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐਮ. ਡੀ.) | | | | |
|---|---|---|---|---|---|---|---|---|---|---|---|
| | | ਅਗਸਤ | | | | | ਅਗਸਤ | | | | |
| | | 02 | 03 | 04 | 05 | 06 | 08 | 09 | 10 | 11 | 12 |
|  | ਫ਼ਿਰੋਜ਼ਪੁਰ | 0 | 0 | 0 | 0 | 0 | 4 | 3 | 3 | 4 | 8 |
| | ਫ਼ਰੀਦਕੋਟ | 0.6 | 0 | 5.2 | 47.2 | 5 | 3 | 4 | 2 | 3 | 9 |
| | ਮੁਕਤਸਰ | | | | | | 3 | 3 | 3 | 4 | 8 |
| | ਬਠਿੰਡਾ | 42.4 | 0 | 0 | 0 | 0 | 5 | 4 | 3 | 4 | 9 |
| | ਸੰਗਰੂਰ | 0 | 0 | 0 | 0 | 0 | 3 | 3 | 2 | 3 | 10 |
| | ਲੁਧਿਆਣਾ | 0 | 0 | 0 | 0 | 0 | 4 | 8 | 5 | 3 | 11 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | | 0.1 ਤੋਂ 2.4 ਮਿ. ਮੀ. | | 2.5 ਤੋਂ 15.5 ਮਿ. ਮੀ. | | 15.6 ਤੋਂ 64.4 ਮਿ. ਮੀ. | | 64.5 ਤੋਂ 115.5 ਮਿ. ਮੀ. | | 115.6 ਤੋਂ 204.4 ਮਿ. ਮੀ. | |
| ਮੀਂਹ ਦੀ ਕਿਸਮ | | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | ਮੱਧਮ ਦਰਜੇ ਦਾ ਮੀਂਹ | | ਭਾਰਾ ਮੀਂਹ | | ਬਹੁਤ ਭਾਰਾ ਮੀਂਹ | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ 82 ਤੋਂ 97 ਦਿਨਾਂ ਦੀ ਹੈ ਅਤੇ ਫੁੱਲ ਅਤੇ ਟੀਂਡੇ ਬਣਨ ਲੱਗੇ ਹਨ। ਗੁਡਾਈ ਅਤੇ ਨਦੀਨ ਕੱਢਣ ਦਾ ਕੰਮ ਜਾਰੀ ਹੈ। ਜਿੱਥੇ ਫ਼ਸਲ ਫੁੱਲਾਂ ਤੇ ਹੈ ਉੱਥੇ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਛਿੜਕਾਅ ਕੀਤਾ ਗਿਆ ਹੈ। ਖੇਤਾਂ ਵਿੱਚ ਚੁਲਾਈ, ਦੋਦਕ, ਮੋਥਾ, ਤਾਂਦਲਾ, ਮਾਧਾਣਾ, ਮੱਕੜਾ, ਖੱਬਲ, ਚਿੱਬੜ ਵੇਲ ਅਤੇ ਇੱਟਸਿਟ ਆਦਿ ਨਦੀਨ ਦੇਖੇ ਗਏ ਹਨ। ਚਿੱਟੀ ਮੱਖੀ ਦੀ ਮਿਕਦਾਰ 11-35 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਹਰਾ ਤੇਲਾ 0-3 ਪ੍ਰਤੀ ਤਿੰਨ ਪੱਤੇ; ਅਤੇ ਜੂੰ 08-51 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਕੁੱਝ ਥਾਵਾਂ ਤੇ 0-10 % ਤੱਕ ਗੁਲਾਬੀ ਸੁੰਡੀ ਦਾ ਹਮਲਾ ਦੇਖਿਆ ਗਿਆ ਹੈ।

ਫ਼ਰੀਦਕੋਟ ਵਿਖੇ ਫ਼ਸਲ 80 ਤੋਂ 85 ਦਿਨਾਂ ਦੀ ਹੈ ਅਤੇ ਫੁੱਲ-ਡੋਡੀ ਦੇ ਪੜਾਅ ਤੇ ਹੈ। ਟਰੈਕਟਰ ਨਾਲ ਨਾਲ ਗੋਡੀ ਕੀਤੀ ਗਈ ਹੈ ਅਤੇ ਖ਼ਾਦ ਪਾਈ ਗਈ ਹੈ। ਨਰਮੇਂ – ਕਪਾਹ ਦੇ ਖ਼ੇਤਾਂ ਵਿੱਚ ਨਦੀਨ ਉੱਗ ਆਏ ਹਨ। ਪੂਰੇ ਰਾਜ ਵਿੱਚ ਰਸ ਚੂਸਣ ਵਾਲੇ ਕੀੜਿਆਂ ਅਤੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਤਿੰਨ ਤੋਂ ਚਾਰ ਛਿੜਕਾਅ ਕੀਤੇ ਗਏ ਹਨ । ਕਿਉਂਕਿ ਭਾਰੇ ਮੀਹਾਂ ਕਾਰਨ ਸੀਮਤ ਪੱਧਰ ਤੇ ਟਰੈਕਟਰ ਨਾਲ ਨਾਲ ਗੋਡੀ ਕੀਤੀ ਜਾ ਸਕਦਾ ਸੀ, ਇਸ ਲਈ ਨਦੀਨਾਂ ਦੀ ਰੋਕਥਾਮ ਲਈ ਨਦੀਨਨਾਸ਼ਕ ਜ਼ਹਿਰਾਂ ਦਾ ਛਿੜਕਾਅ ਕੀਤਾ ਗਿਆ ਸੀ। ਹਰੇ ਤੇਲੇ ਦਾ ਹਮਲਾ ਆਰਥਿਕ ਪੱਧਰ ਤੋਂ ਥੱਲੇ ਸੀ ਅਤੇ ਬਹੁਤੀਆਂ ਥਾਵਾਂ ਤੇ ਚਿੱਟੀ ਮੱਖੀ ਦੀ ਮਿਕਦਾਰ ਦਰਮਿਆਨੇ ਦਰਜੇ ਤੋਂ ਲੈ ਕੇ ਤੋਂ ਬਹੁਤ ਜ਼ਿਆਦਾ ਮਿਕਦਾਰ ਵਿੱਚ ਸੀ। ਪਿਛਲੇ ਹਫਤਿਆਂ ਦੇ ਮੁਕਾਬਲੇ ਜੂੰ ਦੀ ਮਿਕਦਾਰ ਬਹੁਤ ਘੱਟ ਤੋਂ ਲੈ ਕੇ ਦਰਮਿਆਨੇ ਦਰਜੇ ਵਿੱਚ ਸੀ। ਬਹੁਤੇ ਖ਼ੇਤਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ ਤੋਂ ਉੱਪਰ ਦੇਖਿਆ ਗਿਆ। ਭਾਰੇ ਮੀਹਾਂ ਤੋਂ ਬਾਅਦ ਕੁੱਝ ਥਾਵਾਂ ਤੇ ਪੈਰਾਵਿਲਟ ਦੇਖੀ ਗਈ ਹੈ।

**ਸਲਾਹ :-**

ਬਠਿੰਡਾ ਵਿਖੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਵਾਧੂ ਪਾਣੀ ਕੱਢ ਦਿਓ। ਨਰਮੇ–ਕਪਾਹ ਦੇ ਖੇਤਾਂ ਵਿੱਚ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਕਰੋ ਤਾਂ ਕਿ ਜ਼ਿਆਦਾ ਟੀਂਡੇ ਬਣ ਸਕਣ ਤੇ ਫੁੱਲ – ਡੋਡੀ ਘੱਟ ਡਿੱਗੇ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਇਸ ਨੂੰ ਕਾਬੂ ਕਰਨ ਲਈ ਅਫੀਡੋਪਾਈਰਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ । ਹਰੇ ਤੇਲੇ ਲਈ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਟੌਲਫੇਨਪਾਈਰਾਡ 15 ਈ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫੇਨਪਾਇਰੋਕਸੀਮੇਟ 5 ਈ ਸੀ @ 300 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇਕਰ ਜੂੰ ਦੀ ਮਿਕਦਾਰ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਸਪਾਈਨਟੋਰਾਮ 11.7 % ਐਸ. ਸੀ. ਦਾ ਛਿੜਕਾਅ ਕਰੋ । ਜੇਕਰ ਖ਼ੇਤ ਵਿੱਚ ਭੰਬੀਰੀ ਵਰਗੇ ਫੁੱਲ ਹਨ ਤਾਂ ਉਹਨਾਂ ਨੂੰ ਤੋੜ ਕੇ ਨਸ਼ਟ ਕਰ ਦਿਓ। ਉਹਨਾਂ ਖ਼ੇਤਾਂ ਦੀ ਨਿਗਰਾਨੀ ਕਰੋ ਜਿੱਥੇ ਫ਼ਸਲ ਫੁੱਲਾਂ ਦੇ ਪੜਾਅ 'ਤੇ ਹੈ। ਜੇ ਗੁਲਾਬੀ ਸੁੰਡੀ ਆਰਥਿਕ

ਪੱਧਰ ਤੋਂ ਉੱਪਰ (10 ਪ੍ਰਤੀਸ਼ਤ ਤੋਂ ਉੱਪਰ) ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ।

ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਮੇਂ ਸਿਰ ਬੀਜੀ ਨਰਮੇਂ ਦੀ ਫ਼ਸਲ ਤੇ ਫੁੱਲ ਆਉਣ ਤੋਂ ਬਾਅਦ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੇ ਛਿੜਕਾਅ ਕਰਨ ਤਾਂ ਕਿ ਜ਼ਿਆਦਾ ਟੀਂਡੇ ਬਣ ਸਕਣ ਤੇ ਫੁੱਲ – ਡੋਡੀ ਘੱਟ ਡਿੱਗੇ। । ਨਰਮੇ 'ਤੇ ਕਿਸੇ ਵੀ ਕਿਸਮ ਦੇ ਛਿੜਕਾਅ ਲਈ ਖਾਰੇ/ਟਿਊਬਵੈੱਲ ਦੇ ਪਾਣੀ ਤੋਂ ਪਰਹੇਜ਼ ਕਰੋ ਕਿਉਂਕਿ ਜ਼ਿਆਦਾ ਲੂਣ / ਖਾਰਾ ਪਾਣੀ ਕਈ ਵਾਰ ਨਰਮੇ ਦੇ ਪੱਤਿਆਂ ਦੇ ਕਿਨਾਰਿਆਂ ਨੂੰ ਸਾੜ ਦਿੰਦਾ ਹੈ। ਅਗਲੀ ਵਾਰੀ 1 % ਮੈਗਨੀਸ਼ੀਅਮ ਸਲਫੇਟ ($MgSO_4$) ਵੀ ਮਿਲਾਓ ਤਾਂ ਜੋ ਪੱਤਿਆਂ ਦੀ ਲਾਲੀ ਨੂੰ ਠੀਕ ਕੀਤਾ ਜਾ ਸਕੇ। ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਵਾਧੂ ਪਾਣੀ ਕੱਢ ਦਿਓ। ਨਦੀਨਾਂ ਨੂੰ ਕਾਬੂ ਕਰਨ ਲਈ (ਫ਼ਸਲ ਬਿਜਾਈ ਦੇ 6 ਤੋਂ 8 ਹਫ਼ਤੇ ਬਾਅਦ ਜਦੋਂ ਫ਼ਸਲ ਦਾ ਕੱਦ 40–45 ਸੈਂ. ਮੀ. ਹੋਵੇ) ਇੱਕ ਰੱਖਿਆਤਮਕ ਹੁੱਡ ਦੀ ਵਰਤੋਂ ਕਰਕੇ ਫਸਲ ਦੀਆਂ ਕਤਾਰਾਂ ਦੇ ਵਿਚਕਾਰ ਨਿਰਦੇਸ਼ਿਤ ਸਪਰੇਅ ਵਜੋਂ 100 ਲੀਟਰ ਪਾਣੀ ਵਿੱਚ 500 ਮਿਲੀਲੀਟਰ ਗਲੂਫੋਸਿਨੇਟ ਅਮੋਨੀਅਮ 13.5 ਐਸ ਐਲ ਦਾ ਘੋਲ ਬਣਾ ਕੇ ਛਿੜਕਾਅ ਕਰੋ। ਗਲੂਫੋਸਿਨੇਟ ਗ਼ੈਰ–ਚੋਣਵੀਂ ਨਦੀਨਨਾਸ਼ਕ ਹੈ ਅਤੇ ਜੇ ਇਹ ਫ਼ਸਲ ਦੇ ਪੱਤਿਆਂ 'ਤੇ ਡਿੱਗਦਾ ਹੈ ਤਾਂ ਫਸਲ ਨੂੰ ਨੁਕਸਾਨ ਹੁੰਦਾ ਹੈ। ਜਾਂ ਫ਼ਿਰ ਸਾਲਾਨਾ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਨੂੰ ਕਾਬੂ ਕਰਨ ਲਈ ਬਿਜਾਈ ਤੋਂ 30-35 ਦਿਨਾਂ ਬਾਅਦ ਪਾਈਰੀਥੀਓਬੈਕ ਸੋਡੀਅਮ 6 ਪ੍ਰਤੀਸ਼ਤ + ਕੁਇਜ਼ਲੋਫੋਪ ਈਥਾਈਲ 4 ਪ੍ਰਤੀਸ਼ਤ @ 500 ਮਿਲੀਲੀਟਰ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਬਦਲ ਦੇ ਤੌਰ ਤੇ ਉੱਗ ਰਹੇ ਨਦੀਨਾਂ ਨੂੰ ਕਾਬੂ ਕਰਨ ਲਈ ਟਰੈਕਟਰ ਨਾਲ ਅਤੇ ਹੱਥਾਂ ਨਾਲ ਗੋਡੀਆਂ ਕਰੋ। ਜੇਕਰ ਜੂੰ ਦਾ ਹਮਲਾ ਜਿਆਦਾ ਹੋਵੇ ਤਾਂ ਇਸ ਦੀ ਰੋਕਥਾਮ ਲਈ ਪ੍ਰੋਫ਼ੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ / ਏਕੜ ਜਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਛਿੜਕਾਅ ਕਰੋ; ਜੇਕਰ ਚਿੱਟੀ ਮੱਖੀ ਦੇ ਬਾਲਗਾਂ ਅਤੇ ਬੱਚਿਆਂ ਦਾ ਹਮਲਾ ਜਿਆਦਾ ਹੈ ਅਤੇ ਪੱਤੇ ਕਾਲੇ ਹੋ ਰਹੇ ਹਨ ਤਾਂ ਅਫੀਡੋਪਾਈਰੋਪੇਨ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਪਾਈਰੀਪਰੋਕਸੀਫੇਨ @ 400 ਮਿਲੀਲੀਟਰ ਪ੍ਰਤੀ ਏਕੜ ਨੂੰ ਅਦਲ–ਬਦਲ ਕੇ ਛਿੜਕਾਅ ਕਰੋ। ਖ਼ਾਸ ਕਰਕੇ ਅਗੇਤੀ ਬੀਜੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਲਈ ਫੁੱਲ–ਡੋਡੀ ਦੀ ਜਾਂਚ ਕਰੋ। ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫ਼ੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਜਾਂ ਇੰਡੋਕਸਾਕਾਰਬ 14.5 ਐਸ. ਸੀ. @ 200 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ 2 ਫ਼ਿਰੋਮੋਨ ਟ੍ਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਤੋਂ 30 ਸੈਂਟੀਮੀਟਰ ਉੱਪਰ ਲਗਾਓ। ਲਿਓਰ ਨੂੰ ਸਮੇਂ ਅਨੁਸਾਰ ਬਦਲੋ। ਭਾਰੇ ਮੀਂਹ/ ਸਿੰਚਾਈ ਤੋਂ ਬਾਅਦ ਨਰਮੇਂ ਦੀ ਫ਼ਸਲ ਵਿੱਚ ਪੈਰਾਵਿਲਟ ਕਰਕੇ ਕੁੱਝ ਬੂਟੇ ਮੁਰਝਾ ਜਾਂਦੇ ਹਨ। ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @10 ਮਿ. ਗ੍ਰਾਮ ਪ੍ਰਤੀ 10 ਲਿਟਰ ਪਾਣੀ ਦਾ ਪ੍ਰਭਾਵਿਤ ਬੂਟਿਆਂ ਤੇ ਛਿੜਕਾਅ ਕਰੋ।